ਸਭ ਹੱਕ ਰਾਖਵੇਂ ਹਨ.

—ਨਵੀਨ ਢੰਗ ਤੇ—

# ਪ੍ਰੇਮ ਕਿਆਰੀ

ਅਰਥਾਤ

ਸੰਖੇਪ ਜੀਵਨ

## ਗਜ਼ਲਾਂ ਭਾਈ ਨੰਦ ਲਾਲ ਜੀ

ਧਾਰਨਾ—ਬੜੀ ਮਿੱਠੀ ਰਸੀਲੀ ਪੰਜਾਬੀ ਕਵਿਤਾ

ਰਚਿਤ

ਸੰਤ ਸੂਰਜ ਸਿੰਘ ਜੀ ਪ੍ਰਚਾਰਕ

ਪ੍ਰਕਾਸ਼ਕ !

ਭਾਈ ਚਤਰਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ, ਬਜਾਰ ਮਾਈ ਸੇਵਾਂ, ਅੰਮ੍ਰਿਤਸਰ

ਅਕਤੂਬਰ ੧੯੨੯

ਸ਼ਿਮਲਾ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਵਿਚ
ਡੀ. ਮੋਹਨ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆ ।।

ਪਹਿਲੀ ਵਾਰ

ਮੋਖ ੧)

20118

# ਭੂਮਿਕਾ

20118

ਅੱਜ ਕੱਲ ਸ੍ਰੀ ਮਾਨ ਭਾਈ ਨੰਦ ਲਾਲ ਜੀ ਦੀਆਂ ਫਾਰਸੀ ਗਜ਼ਲਾਂ ਦੇ ਉਲਥੇ ਬਹੁਤ ਦੇਖਨ ਵਿਚ ਆਏ ਹਨ, ਹਰ ਇਕ ਕਾਵਜ ਨੇ ਅਪਨੀ ੨ ਬੁਧੀ ਅਨੁਸਾਰ ਫਾਰਸੀ ਦਾ ਟੀਕਾ ਪੰਜਾਬੀ ਵਿਚ ਕਰਨ ਦਾ ਚੰਗਾ ਯਤਨ ਕੀਤਾ ਹੈ, ਪਰ ਗਜ਼ਲਾਂ ਦੀ ਅੱਗੜ ਪਿੱਛੜ ਤੇ ਘਟਾ ਵਧਾ ਹਰ ਇਕ ਵਿਚ ਪਾਯਾ ਗਿਆ ਹੈ। ਸਿੱਖੀ ਧਰਮ ਦਾ ਇਸ ਫਾਰਸੀ ਜ਼ਬਾਨ ਨੇ ਪ੍ਰਚਾਰ ਵੀ ਬੜਾ ਕੀਤਾ ਹੈ ਇਸੇ ਵਾਸਤੇ ਇਸ ਬਾਣੀ ਨੂੰ ਸਤਿਗੁਰੂ ਜੀ ਨੇ ਗੁਰਬਾਣੀ ਤੋਂ ਦੂਜੇ ਦਰਜੇ ਵਿਚ ਪ੍ਰਗਟ ਕੀਤਾ ਹੈ। ਕਲਗੀਧਰ ਜੀ ਦਾ ਇਸ ਬਾਣੀ ਨਾਲ ਬੜਾ ਹੀ ਪ੍ਰੇਮ ਪਜਾਰ ਸੀ ਤੇ ਦੀਵਾਨਾਂ ਦਰਬਾਰਾਂ ਵਿਚ ਖਾਸ ਕਰਕੇ ਭਾਈ ਜੀ ਦੀ ਬਾਣੀ ਦਾ ਆਨੰਦ ਲਿਆ ਜਾਂਦਾ ਸੀ। ਭਾਈ ਜੀ ਨੇ ਇਸ ਬੈਂਤ ਵਿਚ ਕਹੀ ਸਪਿਰਟ ਭਰੀ ਹੋਈ ਹੈ ਕਿ:-

**ਆਸ਼ੁਫਤਾਇ ਆਂ ਨੇਮ ਕਿ ਓ ਸ਼ੈਫਤਹੇ ਮਾਸ੍ਤ।**
**ਮਾ ਸ਼ਾਹ ਨ ਦਾਨੇਮੁ ਗਦਾਰਾ ਨਾ ਸ਼ਨਾਸ਼ੇਮ।**

ਹਾਂ ਪ੍ਰੇਮੀ ਉਸ ਪਜਾਰੇ ਦੇ ਜੋ ਸਾਡਾ ਹੈ ਪ੍ਰੇਮੀ।
ਮੰਗਤ ਅਥਵਾ ਬਾਦਸ਼ਾਹੁ ਦੇ ਹਰਗਿਜ਼ ਅਸੀਂ ਨਾ ਨੇਮੀਂ॥

ਅੱਜ ਕੱਲ ਕੋਈ ਪੁਰਸ਼ ਅਜੇਹਾ ਨਹੀਂ ! ਜੋ ਭਾਈ ਨੰਦ ਲਾਲ ਜੀ ਦੀ ਬਾਣੀ ਸੁਣਕੇ ਗੁਰ ਪ੍ਰੇਮ ਰਤੜਾ ਨਾ ਹੋ ਗਿਆ ਹੋਵੇ।

ਇਨਾਂ ਦੀਆਂ ਗਜ਼ਲਾਂ ਅੱਜ ਕੱਲ ਵੀ ਵਡੇ ਵਡੇ ਪ੍ਰਚਾਰਕਾਂ ਉਪਦੇਸ਼ਕਾਂ ਤ ਸੰਤਾਂ ਮਹਾਤਮਾਂ ਕਥਾਗਜਰ ਅਰ ਵਖਯਾਨਕਾਂ ਲਈ ਇਕ ਵਡਾ ਖਜਾਨਾ ਹੈ। ਅਪਨੇ ਲੈਕਚਰਾਂ ਵਿਚ ਇਨਾਂ ਦਾ ਇਕ ਇਕ ਬੰਦ ਅਦੁਤੀ ਦ੍ਰਿਸ਼ਜ ਤੇ ਉਤਮ ਗਜਾਨ ਦਸਦਾ ਹੈ। ਅਸੀਂ ਖਾਸ ਕਰਕੇ ਉਪਦੇਸ਼ਕਾਂ ਆਦਿਕਾਂ ਲਈ ਇਹ ਸੈਹਲ ਤੇ ਮਿੱਠੀ ਰਚਨਾਂ ਦਾ ਟੀਕਾ ਅਜੇਹਾ ਸੁਖੈਨ ਕਰਕੇ ਛਾਪਿਆ ਹੈ ਕਿ ਆਪ ਜਿਉਂ ੨ ਇਸਨੂੰ ਪੜੋਗੇ ਹੋਰ ਦਾ ਹੋਰ ਹੀ ਰਸ ਅਵੇਗਾ।

ਫਾਰਸੀ ਗਜ਼ਲਾਂ ਦੇ ਪਦ ਛੇਦ ਤੇ ਸੁਧਾਈ ਵੀ ਬੜੀ ਹੀ ਅੱਛੀ ਤਰਾਂ ਕੀਤੀ ਗਈ ਹੈ ਕਿ ਅੰਜਾਨ ਤੋਂ ਅੰਜਾਨ ਦੀ ਜ਼ਬਾਨ ਪੁਰ ਭੀ ਸੈਹਜ ਬੈਂਤਾਂ ਦੇ ਪਦ ਆ ਸਕਨ। ਸਾਨੂੰ ਪੂਰਨ ਭਰੋਸਾਹੈ ਕਿ ਪ੍ਰੇਮੀਜਨਾਂ ਦੇ ਇਹ ਟੀਕਾ ਬੜਾ ਹੀ ਪਸੰਦ ਆਵੇ ਗਾ ਤੇ ਪੰਥ ਵਿਚ ਮੰਨਿਆ ਪ੍ਰਮੰਨਿਆ ਲਾਭਦਾਇਕ ਸਾਬਤ ਹੋਵੇਗਾ।

(ਪ੍ਰਕਾਸ਼ਕ)

LAHORE

ੴ ਸਤਿਗੁਰ ਪ੍ਰਸਾਦਿ ॥

# ਜੀਵਨ ਭਾਈ ਨੰਦ ਲਾਲ ਜੀ

ਭਾਈ ਨੰਦ ਲਾਲ ਜੀ ਦਾ ਜੀਵਨ ਹੋਰ ਮਹਾਂ ਪੁਰਖਾਂ ਦੇ ਜੀਵਨ ਦੀ ਤਰਾਂ ਆਮ ਛਪਨ ਵਿਚ ਨਹੀਂ ਆਇਆ, ਕਿਉਂਕਿ ਗੁਰ ਪ੍ਰਤਾਪ ਸੂਰਜ ਤੋਂ ਬਿਨਾਂ ਹੋਰ ਕਿਤੇ ਵੀ ਇਨਾਂ ਦਾ ਹਾਲ ਦਰਜ ਨਹੀਂ, ਇਸ ਵਿਚ ਭੀ ਭਾਈ ਸੰਤੋਖ ਸਿੰਘ ਜੀ ਨੇ ਬਹੁਤ ਸੰਖੇਪ ਵਰਨਨ ਕੀਤਾ ਹੈ, ਹੁਨ ਸਗੋਂ ਕਿਤੇ ਕਿਤੇ ਇਨਾਂ ਦੀਆਂ ਗਜ਼ਲਾਂ ਦੇ ਆਦਿ ਵਿਚ ਦੇਖਿਆ ਜਾਂਦਾਹੈ ਪਰ ਸੰਮਤ ਦਾ ਠੀਕ ਪਤਾ ਫੇਰ ਵੀ ਘੱਟ ਮਿਲਦਾ ਹੈ, ਜਿੰਨੀ ਜਿੰਨੀ ਖੋਜ ਕਿਸੇ ਨੇ ਕੀਤੀ ਉਸੇ ਅਨੁਸਾਰ ਇਨਾਂ ਦੇ ਜੀਵਨ ਤੇ ਰੌਸ਼ਨੀ ਪਾਈ ਪਰ ਲਗ ਭਗ ਸੰਮਤ ੧੭੦੦ ਦੇ ਉਪਰ ਜਾਂ ਕੁਝ ਹੇਠਾਂ ਦਾ ਹੀ ਪਤਾ ਲਗਦਾ ਹੈ ਜਦ ਕਿ ਅਫਗਾਨਿਸਤਾਨ ਦੀ ਮੁਗਲ ਬਾਦਸ਼ਾਹੀ ਦੇ ਰਾਜ ਵਿਚ ਪ੍ਰਸਿੱਧ ਗਜ਼ਨੀ ਸ਼ਹਿਰ ਅੰਦਰ ਮੁਨਸ਼ੀ ਛੱਜੂ ਰਾਮ ਜੀ ਖੱਤ੍ਰੀ ਹਿੰਦੂ ਘਰਾਣੇ ਦੇ ਉਚੇ ਪਤਿਵੰਤੇ ਤੇ ਸੀਲ ਸੁਭਾਵ ਅਰ ਮੰਨੇ ਪ੍ਰਮੰਨੇ ਇਤਬਾਰੀ ਰੈਂਹਦੇ ਸਨ। ਜੋ ਨਵਾਬ ਮੁਈਨ-ਉਦੀਨ ਦੇ ਦੀਵਾਨ ਭੀ ਸਨ, ਮੁਲਕੀ, ਮਾਲੀ ਅਰ ਫੌਜੀ ਕੰਮਾਂ ਵਿਚ ਇਨਾਂ ਨੂੰ ਪੂਰੇ ਅਖਤਜ਼ਾਰ ਸਨ, ਇਹ ਮੁਸਲਮਾਨੀ ਰਾਜ ਦੇ ਹਿੰਦੂ ਦੀਵਾਨ ਅਜੇਹੇ ਹਰ ਇਕ ਦੇ ਦਿਲ ਵਿਚ ਵੱਸੇ ਹੋਏ ਸਨ ਕਿ ਹਰ ਇਕ ਇਨਾਂ ਦੀ ਇੱਜਤ ਕਰਦਾ ਤੇ ਵੱਡਾ ਜਾਣਦਾ ਸੀ, ਇਨਾਂਦੀ ੫੦ ਸਾਲ ਦੀ ਉਮਰ ਹੋਜਾਣ ਤੇ ਵੀ ਇਨਾਂ ਦੇ ਘਰ ਕੋਈ ਔਲਾਦ ਨ ਸੀ, ਜੋ ਹੁੰਦੀ ਉਹਵੀ ਦੋ ਤਿੰਨ ਵਰਹੇ ਜਿਊਂਕੇ ਫੇਰ ਮਰ ਜਾਂਦੀ। ਸਾਰੀ ਗਜ਼ਨੀ ਵਿਚ ਹਰੇਕ ਅਮੀਰ ਫਕੀਰ ਤੇ ਵਸਨੀਕ ਇਨਾਂ ਲਈ ਪ੍ਰਮਾਤਮਾਂ ਪਾਸ ਦੁਆਵਾਂ(ਪ੍ਰਾਰਥਨਾਂ) ਕਰਦੇ ਤੇ ਇਨਾਂ ਦੇ ਘਰ ਔਲਾਦ ਚਿਰੰਜੀਵੀ ਹੋਣ ਦੀ ਲਾਲਸਾ ਰਖਦੇ ਸਨ। ਇਹ ਦੀਵਾਨ ਜੀ ਦਾਨੀ ਵੀ ਵੱਡੇ ਤੇ ਗ਼ੀਬ ਗੁਰਬੇ ਦੇ ਬੜੇ ਹੀ ਹਿਤੂ ਸਨ। ਕੋਈ ਆਵੇ ਖਾਲੀ ਕਦੀ ਨਹੀਂ ਜਾਨ ਦੇਂਦੇ ਸਨ ਕਿ ਉਸਨੂੰ ਪ੍ਰਸੰਨ ਨਾਂ ਕਰ ਲੈਂਦੇ। ਸਿਰਜਨ ਹਾਰ ਦੀ ਲੀਲ੍ਹਾ ਵੀ ਅਗਾਧ ਹੈ ਕਿ ਉਹ ਅਜੇਹੇ ਘਰਾਨਿਆਂ ਵਿਚ ਜਦ ਪ੍ਰਗਟ ਹੁੰਦਾ ਹੈ ਤਾਂ ਸਦਾ ਲਈ ਆਪਨੀ ਮੇਹਰ ਦਾ ਮੀਂਹ ਵਸਾ ਦੇਂਦਾ ਹੈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.